## ਭਾਸ਼ਾ ਵਿਭਾਗ, ਪੰਜਾਬ

'ਭਾਸ਼ਾਈ ਅਤੇ ਸੱਭਿਆਚਾਰਕ ਸਰਵੇ' ਤਹਿਤ ਭਾਸ਼ਾ ਵਿਭਾਗ, ਪੰਜਾਬ ਵੱਲੋਂ ਇਤਿਹਾਸਕ, ਸੱਭਿਆਚਾਰਕ ਤੇ ਹੋਰਨਾਂ ਪੱਖਾਂ ਤੋਂ ਵਿਸ਼ੇਸ਼ ਪਹਿਚਾਣ ਰੱਖਦੇ ਪੰਜਾਬ ਦੇ ਪਿੰਡਾਂ/ਕਸਬਿਆਂ ਬਾਰੇ ਪੰਜਾਬੀ ਭਾਸ਼ਾ ਵਿੱਚ ਖੋਜ ਭਰਪੂਰ ਸਰਵੇ ਪੁਸਤਕਾਂ ਦੇ ਖਰੜਿਆਂ ਦੀ ਮੰਗ ਕੀਤੀ ਜਾਂਦੀ ਹੈ। ਜਿਸ ਸਬੰਧੀ ਵਿਭਾਗੀ ਨਿਯਮ ਹੇਠ ਲਿਖੇ ਹਨ:

(1) ਪੁਸਤਕ ਦਾ ਆਕਾਰ 150 ਤੋਂ 200 ਪੰਨੇ (11x8 ਇੰਚ ਅਤੇ ਸੁਚਿੱਤਰ) ਤੱਕ ਹੋਣਾ ਚਾਹੀਦਾ ਹੈ। (2) ਇਹ ਪੁਸਤਕ ਵਿਭਾਗ ਵੱਲੋਂ ਪ੍ਰਵਾਨਗੀ ਮਿਲਣ ਉਪਰੰਤ ਤਿੰਨ ਤੋਂ ਚਾਰ ਮਹੀਨਿਆਂ ਵਿੱਚ ਮੁਕੰਮਲ ਕਰਨੀ ਹੋਵੇਗੀ। (3) ਪੁਸਤਕ ਲਿਖਣ ਦੇ ਇਵਜ਼ ਵਿੱਚ ਵਿਭਾਗ ਵੱਲੋਂ ਢੁਕਵਾਂ ਸੇਵਾਫਲ ਦਿੱਤਾ ਜਾਵੇਗਾ। (4) ਪੁਸਤਕ ਦਾ ਕਾਪੀ ਰਾਈਟ ਭਾਸ਼ਾ ਵਿਭਾਗ ਕੋਲ ਹੋਵੇਗਾ। (5) ਪੁਸਤਕ ਦਾ ਖਰੜਾ ਸਿਰਫ ਯੂਨੀਕੋਡ ਫੌਂਟ ਵਿੱਚ ਕੰਪੋਜ਼ ਕਰਵਾਉਣ ਉਪਰੰਤ (ਹਾਰਡ ਤੇ ਸਾਫਟ ਕਾਪੀ) ਦੇ ਰੂਪ ਵਿੱਚ ਭੇਜਿਆ ਜਾਵੇ। (6) ਪੁਸਤਕ ਵਿੱਚ ਛਾਪਣ ਲਈ ਮਹੱਤਵਪੂਰਨ ਤਸਵੀਰਾਂ (ਐੱਚ.ਡੀ.) ਵੀ ਭੇਜੀਆਂ ਜਾਣ। (7) ਪ੍ਰਵਾਨ ਹੋਈ ਪੁਸਤਕ ਭਾਸ਼ਾ ਵਿਭਾਗ ਵੱਲੋਂ ਆਪਣੇ ਖਰਚੇ 'ਤੇ ਛਾਪੀ ਜਾਵੇਗੀ।

**ਨੋਟ:** ਸਰਵੇ ਪੁਸਤਕ ਵਿੱਚ ਸ਼ਾਮਲ ਕੀਤੇ ਜਾਣ ਵਾਲੇ ਉਪ-ਵਿਸ਼ਿਆਂ ਲਈ ਸਮੱਗਰੀ ਸਬੰਧੀ ਜਾਣਕਾਰੀ ਵਿਭਾਗ ਦੀ ਵੈਬਸਾਈਟ www.bhashavibhagpunjab.org ਅਤੇ ਫੇਸਬੁੱਕ ਪੇਜ 'ਤੇ ਉਪਲਬਧ ਹੈ।

**ਸਰਵੇ ਪੁਸਤਕ 'ਚ ਸ਼ਾਮਲ ਕੀਤੇ ਜਾਣ ਵਾਲੇ ਸੰਭਾਵਿਤ ਉਪ ਵਿਸ਼ੇ ਹੇਠ ਲਿਖੇ ਅਨੁਸਾਰ ਹਨ :**


| ਲੜੀ ਨੰ. | ਵਿਸ਼ਾ | ਪੰਨਾ |
|---|---|---|
| 1. | ਪਿੰਡ ਬਾਰੇ ਵਾਕਫ਼ੀਅਤ | |
| 2. | ਅਗਵਾੜਾਂ, ਪੱਤੀਆਂ ਤੇ ਠੁਲਿਆਂ ਦਾ ਨਾਂ | |
| 3. | ਜਾਤਾਂ ਅਤੇ ਗੋਤਾਂ ਦਾ ਵੇਰਵਾ | |
| 4. | ਪ੍ਰਚੱਲਿਤ ਵੱਖ-ਵੱਖ ਕਿੱਤੇ | |
| 5. | ਭੌਂ ਦੀਆਂ ਕਿਸਮਾਂ ਅਤੇ ਰਕਬਾ | |
| ੳ. | ਸ਼ਾਮਲਾਟ ਦਾ ਰਕਬਾ ਅਤੇ ਉਸ ਦੀ ਵਰਤੋਂ | |
| ਅ. | ਪਰਿਵਾਰ ਦੀ ਵੱਧ ਤੋਂ ਵੱਧ ਅਤੇ ਘੱਟ ਤੋਂ ਘੱਟ ਜ਼ਮੀਨ | |
| 6. | ਮੁੱਖ ਫ਼ਸਲਾਂ | |
| 7. | ਫ਼ਲ ਤੇ ਸਬਜ਼ੀਆਂ | |
| 8. | ਥੇਹ | |
| 9. | ਛੱਪੜ, ਛੰਭ, ਟੋਭੇ ਅਤੇ ਢਾਬਾਂ | |
| 10. | ਨਦੀ, ਨਾਲਾ, ਨਹਿਰ, ਰਜਬਾਹਾ, ਸਰੋਵਰ ਅਤੇ ਬਾਉਲੀ | |
| 11. | ਪਿੰਡ ਕਿਵੇਂ ਤੇ ਕਦੋਂ ਬੱਝਾ ? ਨਾਂ ਕਿਵੇਂ ਪਿਆ ? | |
| 12. | ਪਿੰਡ ਦਾ ਆਲਾ-ਦੁਆਲਾ ਤੇ ਆਸ-ਪਾਸ ਦੀਆਂ ਇਤਿਹਾਸਕ ਥਾਵਾਂ | |
| 13. | ਯਾਦਗਾਰੀ ਥਾਵਾਂ ਤੇ ਵਸਤਾਂ ਅਤੇ ਉਨ੍ਹਾਂ ਦਾ ਇਤਿਹਾਸ | |
| 14. | ਪ੍ਰਸਿੱਧ ਸ਼ਖ਼ਸ਼ੀਅਤਾਂ | |
| 15. | ਦੁਰਘਟਨਾਵਾਂ | |
| 16. | ਵਿੱਦਿਅਕ ਸੰਸਥਾਵਾਂ | |
| 17. | ਪਿੰਡ ਦੀਆਂ ਲਾਇਬ੍ਰੇਰੀਆਂ | |
| 18. | ਪਿੰਡ ਦੇ ਸਾਹਿਤਕਾਰ ਅਤੇ ਉਨ੍ਹਾਂ ਦੀਆਂ ਰਚਨਾਵਾਂ | |
| 19. | ਸ਼ਿਲਾਲੇਖ ਅਤੇ ਨੀਂਹ ਪੱਥਰ | |
| 20. | ਪਿੰਡ ਵਿੱਚ ਲਗਦੇ ਮੇਲੇ, ਉਤਸਵ, ਜਲਸੇ ਅਤੇ ਦੀਵਾਨ | |
| 21. | ਮਨੋਰੰਜਨ ਦੇ ਸਾਧਨ | |
| 22. | ਖੇਡਾਂ | |
| 23. | ਸਭ ਤੋਂ ਬਿਰਧ ਵਿਅਕਤੀ ਨਾਲ ਮੁਲਾਕਾਤ | |
| 24. | ਵਹਿਮ ਭਰਮ ਅਤੇ ਧਾਰਮਿਕ ਵਿਸ਼ਵਾਸ | |
| 25. | ਰਸਮਾਂ ਰੀਤਾਂ ਦਾ ਵੇਰਵਾ | |
| 26. | ਲੋਕ ਕਹਾਣੀਆਂ, ਸਥਾਨਕ ਕਹਾਣੀਆਂ ਜਾਂ ਸਾਖੀਆਂ | |
| 27. | ਪਿੰਡ ਵਿੱਚੋਂ ਪ੍ਰਾਪਤ ਹੋਰ ਸਮੱਗਰੀ ਜਾਂ ਸੂਚਨਾ | |
| 28. | ਲੋਕ ਗੀਤਾਂ ਦਾ ਵੇਰਵਾ | |
| 29. | ਬੁਝਾਰਤਾਂ | |
| 30. | ਅਖਾਣ ਅਤੇ ਮੁਹਾਵਰੇ | |
| 31. | ਸ਼ਬਦਾਵਲੀ | |
| 32. | ਸੂਚਕ ਤੇ ਸਹਿਯੋਗੀ | |